2

# ਵਿਸ਼ਵਾਸ

ਅਸੀਂ ਦੁਆ ਕਰਨ ਵਿਚ ਨਾਕਾਮ ਰਹਿੰਦੇ ਹਾਂ ਕਿਉਂਕਿ ਸਾਨੂੰ ਖ਼ੁਦਾ ਅਤੇ ਵਿਸ਼ਵਾਸ ਦੀ ਸਹੀ ਸਮਝ ਨਹੀਂ। ਜਦੋਂ ਖ਼ੁਦਾ ਦੀ ਸਰਬਸੱਤਾ ਤੇ ਜ਼ੋਰ ਨਹੀਂ ਦਿੱਤਾ ਜਾਂਦਾ ਤਾਂ ਖ਼ੁਦਾ ਦੀ ਮਹਾਨਤਾ ਘੱਟ ਹੋ ਜਾਂਦੀ ਹੈ। ਬਾਈਬਲ ਦਾ ਅਖ਼ਤਿਆਰ ਘੱਟ ਹੋ ਜਾਂਦਾ ਹੈ, ਹੁਕਮ ਮੰਨਣ ਦੀ ਅਹਿਮੀਅਤ ਘੱਟ ਹੋ ਜਾਂਦੀ ਹੈ ਅਤੇ ਕਲੀਸੀਆ ਦੀ ਤਰਜੀਹ ਘੱਟ ਹੋ ਜਾਂਦੀ ਹੈ। ਖ਼ੁਦਾ ਦਾ ਬਣਦਾ ਡਰ ਸੱਚੀ ਦੁਆ ਦੀ ਉਪਜਾਊ ਜ਼ਮੀਨ ਹੈ। ਦੁਆ ਵਾਸਤੇ ਖ਼ੁਦਾ ਨੂੰ ਤਰਜੀਹ ਦੇਣੀ ਜ਼ਰੂਰੀ ਹੈ।

ਦੁਆ ਵਾਸਤੇ ਵਿਸ਼ਵਾਸ ਦੀ ਸਹੀ ਸਮਝ ਹੋਣੀ ਵੀ ਜ਼ਰੂਰੀ ਹੈ। ਅੱਜ ਲੋਕ ਖ਼ੁਦਾ ਦੀਆਂ ਬਹੁਤ ਗੱਲਾਂ ਕਰਦੇ ਹਨ ਪਰ ਇਹ ਬਾਈਬਲ ਵਾਲਾ ਖ਼ੁਦਾ ਨਹੀਂ ਹੈ। ਪਾਪ, ਮਨੁੱਖ ਦਾ ਗੁਆਚੇ ਹੋਣਾ, ਸਜ਼ਾ, ਕ੍ਰੋਧ ਅਤੇ ਨਰਕ ਵਰਗੀਆਂ ਗੱਲਾਂ ਬਾਰੇ ਬਹੁਤ ਘੱਟ ਚਰਚਾ ਹੁੰਦੀ ਹੈ। ਬਹੁਤ ਲੋਕ ਵਿਸ਼ਵਾਸ ਨੂੰ ਥਾਂ ਦਿੰਦੇ ਹਨ ਪਰ ਅਸਲ ਵਿਚ ਉਹ ''ਨਿਰਾ ਵਿਸ਼ਵਾਸ'' ਹੀ ਮੰਨਦੇ ਹਨ। ਵਿਸ਼ਵਾਸ ਅਤੇ ''ਨਿਰਾ ਵਿਸ਼ਵਾਸ'' ਦੀਆਂ ਧਾਰਣਾਵਾਂ ਵੱਖੋ ਵੱਖ ਹਨ। ਵਿਸ਼ਵਾਸ ਕੰਮ ਕਰਦਾ ਹੈ, ਜਦਕਿ ''ਨਿਰਾ ਵਿਸ਼ਵਾਸ'' ਮਰਿਆ ਹੋਇਆ ਹੈ (ਯਾਕੂਬ 2:17)। ਅਸੀਂ ਸਿਰਫ਼ ਵਿਸ਼ਵਾਸ ਨਾਲ ਧਰਮੀ ਠਹਿਰਾਏ ਜਾਂਦੇ ਹਾਂ ਪਰ ''ਨਿਰਾ ਵਿਸ਼ਵਾਸ'' ਨਾਲ ਨਹੀਂ। ਆਧੁਨਿਕ ਥਿਓਲੋਜੀ (ਧਰਮ ਸਿੱਖਿਆ) ਦੀ ਇਹ ਬਹੁਤ ਵੱਡੀ ਗਲਤੀ ਹੈ। ਵਿਸ਼ਵਾਸ ਕੰਮ ਕਰਦਾ ਹੈ। ਖ਼ੁਦਾ ਲੋਕਾਂ ਨੂੰ ਵਿਸ਼ਵਾਸ ਕਾਰਣ ਹੀ ਬਚਾਉਂਦਾ ਹੈ। ਵਿਸ਼ਵਾਸ ਵਿਚ ਕੀ ਕੀ ਆਉਂਦਾ ਹੈ? ਵਿਸ਼ਵਾਸ ਗ੍ਰਹਿਣ ਕਰਦਾ ਹੈ ... ਵਿਸ਼ਵਾਸ ਜਵਾਬ ਦਿੰਦਾ ਹੈ ... ਵਿਸ਼ਵਾਸ ਹੁਕਮ ਮੰਨਦਾ ਹੈ ... ਵਿਸ਼ਵਾਸ ਜ਼ਿੰਦਾ ਹੈ। ਯਾਕੂਬ ਨੇ ਕਿਹਾ ਹੈ ਕਿ ''ਨਿਹਚਾ ਵੀ ਕਰਮਾਂ ਦੇ ਬਿਨਾਂ ਮੁਰਦਾ ਹੈ'' (ਯਾਕੂਬ 2:26)। ਬਹੁਤ ਸਾਰੇ ਲੋਕ ਬਚਾਏ ਜਾਣ ਨੂੰ ਬਹੁਤ ਛੋਟਾ ਅਰਥਾਤ ਸਿਰਫ਼ ਵਿਸ਼ਵਾਸ ਦੇ ਰਾਹੀਂ ਹੋਣ ਦੀ ਗੱਲ ਕਰਦੇ ਹਨ। ਯਾਕੂਬ ਦੇ ਮੁਤਾਬਕ ਇਹੀ ''ਵਿਸ਼ਵਾਸ ਮਰਿਆ ਹੋਇਆ ਹੈ।'' ਵਿਸ਼ਵਾਸ ਪਲ ਭਰ ਲਈ ਨਹੀਂ, ਬਲਕਿ ਜ਼ਿੰਦਗੀ ਭਰ ਲਈ ਹੈ। ''ਨਿਹਚਾ ਤੋਂ ਧਰਮੀ ਜਨ ਜ਼ਿੰਦਾ ਰਹੇਗਾ'' (ਰੋਮੀਆਂ 1:17; ਗਲਾਤੀਆਂ 3:11; ਵੇਖੋ ਇਬਰਾਨੀਆਂ 10:38)। ਵਿਸ਼ਵਾਸ ਕੰਮ ਕਰਦਾ ਹੈ। ਇਬਰਾਨੀਆਂ 11 ਅਧਿਆਇ ਪੜ੍ਹੋ। ਇਹ ਅਧਿਆਇ ''ਸੁਰਗ ਦੇ ਮਸ਼ਹੂਰ ਲੋਕਾਂ ਦੀ ਥਾਂ'' ਹੈ। ਵਿਸ਼ਵਾਸ ਨੇ ਉਨ੍ਹਾਂ ਵਿਚ ਕੰਮ ਕੀਤਾ! ਦੁਆ ਵੀ ਇਸੇ ਤਰ੍ਹਾਂ ਕੰਮ ਕਰਦੀ ਹੈ, ਪਰ ਤਦੇ ਜਦ ਲੋਕ ਦੁਆ ਉੱਤੇ ਕੰਮ ਕਰਦੇ ਹਨ। ਦੁਆ ਕੋਸ਼ਿਸ਼ ਹੈ। ਦੁਆ ਹਠ ਹੈ। ਦੁਆ ਵਿਸ਼ਵਾਸ ਨਾਲ ਕੰਮ ਕਰਨਾ ਹੈ। ਵਿਸ਼ਵਾਸੀ ਲੋਕ ਇਸ ਲਈ ਦੁਆ ਕਰਦੇ ਹਨ ਕਿਉਂਕਿ ਉਹ ਖ਼ੁਦਾ ਨਾਲ ਪ੍ਰੇਮ ਰੱਖਦੇ ਹਨ ਅਤੇ ਉਸ ਉੱਤੇ ਭਰੋਸਾ ਰੱਖਦੇ ਹਨ। ਪਾਣੀ ਵਿਚ ਜਾ ਕੇ ਤੈਰੇ ਬਿਨਾ ਤੈਰਨਾ ਨਹੀਂ ਸਿੱਖਿਆ ਜਾ ਸਕਦਾ। ਦੁਆ ਕਰਨਾ, ਦੁਆ ਕਰਨ ਨਾਲ ਹੀ ਆਉਂਦਾ ਹੈ। ਦੁਆ ਜ਼ਬਰਦਸਤ ਹੈ। ਅਸੀਂ ਖ਼ੁਦਾ ਨੂੰ ਆਪਣੀਆਂ ਇੱਛਾਵਾਂ ਨਾਲ ਨਹੀਂ ਝੁਕਾਉਂਦੇ। ਅਸੀਂ ਇਸ ਤਰ੍ਹਾਂ ਦੁਆ ਕਰਦੇ ਹਾਂ ਜਿਵੇਂ ਸਭ ਕੁਝ ਖ਼ੁਦਾ ਤੇ ਨਿਰਭਰ ਹੋਵੇ। ਅਸੀਂ ਕੰਮ ਇਸ ਤਰ੍ਹਾਂ ਕਰਦੇ ਹਾਂ ਜਿਵੇਂ ਸਭ ਕੁਝ ਸਾਡੇ ਤੇ ਨਿਰਭਰ ਹੋਵੇ। ਅਸੀਂ ਇਹ ਦੁਆ ਕਰਦੇ ਹਾਂ ਕਿ ''ਧਰਤੀ ਤੇ ਖ਼ੁਦਾ ਦੀ ਮਰਜ਼ੀ ਪੂਰੀ ਹੋਵੇ।''

ਮਾੜੇ ਤੋਂ ਹੋਰ ਮਾੜਾ ਕਰਨ ਲਈ, ਬਹੁਤ ਸਾਰੇ ਲੋਕ ਵਿਸ਼ਵਾਸ ਦੀ ਬੁੱਤਪ੍ਰਸਤੀ ਕਰਨ ਲਗਦੇ ਹਨ ਭਾਵ ਉਹ ਵਿਸ਼ਵਾਸ ਵਿਚ ਹੀ ਵਿਸ਼ਵਾਸ ਕਰਨ ਲਗਦੇ ਹਨ। ਕਿਸੇ ਵੀ ਤਰਕ ਦੇ ਉਲਟ, ਉਹ ਆਪਣੇ ਵਿਸ਼ਵਾਸ ਤੇ ਹੀ ਮਾਣ ਕਰਦੇ ਹਨ, ਭਾਵ ਉਹ ਆਪਣੇ ਵਿਸ਼ਵਾਸ ਤੇ ਆਕੜ ਕਰਦੇ ਹਨ। ਜਦਕਿ ਵਿਸ਼ਵਾਸ ਤਾਂ ਹਲੀਮ ਬਣਾਉਂਦਾ ਹੈ। ਵਿਸ਼ਵਾਸ ਦੀ ਵਡਿਆਈ ਇਸ ਨੂੰ ਪਾਉਣ ਵਾਲੇ ਦੇ

ਕਾਰਣ ਨਹੀਂ ਬਲਕਿ ਇਸਦੇ ਆਪਣੇ ਕਾਰਣ ਹੈ। ਵਿਸ਼ਵਾਸ ਕੋਈ ਭਰਮ ਨਹੀਂ ਹੈ। ਵਿਸ਼ਵਾਸ ਦਾ ਅਰਥ ਇਹ ਮੰਨ ਲੈਣਾ ਨਹੀਂ ਹੈ ਕਿ ਕੋਈ ਗੱਲ ਸਹੀ ਹੈ ਜਦ ਕਿ ਤੁਸੀਂ ਜਾਣਦੇ ਹੋ ਕਿ ਇਹ ਸੱਚ ਨਹੀਂ ਹੈ। ਵਿਸ਼ਵਾਸ ਦਾ ਅਰਥ ਵਿਸ਼ਵਾਸ ਵਿਚ ਨਹੀਂ ਬਲਕਿ ਖ਼ੁਦਾ ਉੱਤੇ ਭਰੋਸਾ ਰੱਖਣਾ ਹੈ। ਵਿਸ਼ਵਾਸ ਹਕੀਕਤ ਨੂੰ ਨਹੀਂ ਬਦਲਦਾ। ਵਿਸ਼ਵਾਸ ਬੇਇਮਾਨੀ ਨਹੀਂ ਹੈ। ਵਿਸ਼ਵਾਸ (ਅਬਰਾਹਾਮ ਦੀ ਮਿਸਾਲ) ਪੱਕਾ ਯਕੀਨ ਨਹੀਂ ਹੈ। ਅਬਰਾਹਾਮ ਨੂੰ ਨਕਸ਼ਾ ਨਹੀਂ ਦਿੱਤਾ ਗਿਆ ਸੀ। ਉਹ ''ਉਹ ਇਹ ਨਹੀਂ ਜਾਣਦਾ ਸੀ ਕਿ ਮੈਂ ਕਿਧਰ ਜਾਂਦਾ ਹਾਂ; ਤਾਂ ਵੀ ਨਿਕਲ ਗਿਆ'' (ਇਬਰਾਨੀਆਂ 11:8)। ਇਹੀ ਵਿਸ਼ਵਾਸ ਦੀ ਹਿੰਮਤ ਹੈ ਕਿ ਆਪਣਾ ਹੱਥ ਉਸ ਖ਼ੁਦਾ ਦੇ ਹੱਥ ਵਿਚ ਦੇ ਦੇਣਾ ਜਿਸ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ। ''ਤੂੰ ਬੜਾ ਵਫ਼ਾਦਾਰ ਹੈਂ'' (ਵਿਰਲਾਪ 3:23)। ਵਿਸ਼ਵਾਸ ਹਲੀਮੀ ਹੈ, ਨਿਰਭਰਤਾ ਹੈ, ਤਿਆਗ ਹੈ, ਆਗਿਆਕਾਰਿਤਾ ਹੈ, ਜ਼ਿੰਦਗੀ ਹੈ! ਵਿਸਵਾਸ ਨਾਲ ਅਸੀਂ ਬਚਾਏ ਜਾਂਦੇ ਹਾਂ, ਪਵਿੱਤਰ ਠਹਿਰਾਏ ਜਾਂਦੇ ਹਾਂ, ਵਡਿਆਈ ਪਾਉਂਦੇ ਹਾਂ। ਵਿਸ਼ਵਾਸ ਦੁਆ ਕਰਦਾ ਹੈ। ਦੁਆ ਵਿਸ਼ਵਾਸ ਦੀ ਅਵਾਜ਼ ਹੈ। ਵਿਸ਼ਵਾਸ ਆਪਣੇ ਆਪ ਵਿਚ ਨਹੀਂ ਬਲਕਿ ਖ਼ੁਦਾ ਉੱਤੇ ਭਰੋਸਾ ਕਰਨਾ ਹੈ। ਵਿਸ਼ਵਾਸ ਖੁਦੀ ਨੂੰ ਮਾਰ ਕੇ ਪੂਰੀ ਤਰ੍ਹਾਂ ਖ਼ੁਦਾ ਨੂੰ ਸਮਰਪਿਤ ਹੋਣਾ ਹੈ। ਸਾਡੀ ਦੁਆ ਤੋਂ ਖ਼ੁਦਾ ਬਾਰੇ ਸਾਡੀ ਅਸਲ ਧਾਰਨਾ ਦਾ ਪਤਾ ਲਗਦਾ ਹੈ। ਵਿਸ਼ਵਾਸ ਹਰ ਦੁਆ ਦਾ ਜਵਾਬ ਨਹੀਂ ਹੈ। ਵਿਸ਼ਵਾਸ ਜਵਾਬ ਨਾ ਮਿਲਣ ਤੇ ਵੀ ਕਾਇਮ ਰਹਿਣਾ ਹੈ। ਦੁਆ ਦਾ ਮਤਲਬ ਤਾਂ ਹੀ ਹੁੰਦਾ ਹੈ ਜੇ ਇਸ ਨੂੰ ਹੰਢਾਇਆ ਜਾਵੇ। ਅੱਯੂਬ ਨੇ ਵਿਸ਼ਵਾਸ ਅਤੇ ਦੁਆ ਨੂੰ ਬੜੇ ਵਧੀਆ ਢੰਗ ਨਾਲ ਪਰਿਭਾਸ਼ਿਤ ਕੀਤਾ ਹੈ: ''ਭਾਂਵੇ ਉਹ ਮੈਨੂੰ ਘਾਤ ਕਰੇ, ਤਾਂ ਵੀ ਮੇਰੀ ਆਸ ਉਹੀ ਹੈ'' (ਅੱਯੂਬ 13:15)। ਸਿਰਫ਼ ਇੱਕੋ ਨਤੀਜਾ ਨਿੱਕਲਦਾ ਹੈ ਅਤੇ ਉਹ ਇਹ ਹੈ ਕਿ ''ਖ਼ੁਦਾ ਜ਼ਿੰਦਗੀ ਦਾ *ਮਹਾਨ ਜਾਣਕਾਰ* ਹੈ।'' ਦੁਆ ''ਖ਼ੁਦਾ ਦੀ ਮਹਾਨਤਾ'' ਦੀ ਤਾਰੀਫ਼ ਕਰਨਾ ਹੈ।

ਜਦ ਮੈਂ ਅੱਠਾਂ ਸਾਲਾਂ ਦਾ ਸੀ, ਤਾਂ ਮੇਰੇ ਪਿਤਾ ਮੈਨੂੰ ਇਕ ਬੈਂਕ ਵਿਚ ਲੈ ਗਏ। ਉਨ੍ਹਾਂ ਨੇ ਬੈਂਕ ਵਾਲਿਆਂ ਨੂੰ ਦੱਸਿਆ ਕਿ ਮੈਂ ਉਨ੍ਹਾਂ ਦਾ ਭਾਈਵਾਲ ਹਾਂ ਅਤੇ ਮੇਰੇ ਦਸਤਖ਼ਤ ਕੀਤੇ ਹੋਏ ਸਾਰੇ ਚੈੱਕ ਕੈਸ਼ ਕੀਤੇ ਜਾਣ। ਮੇਰੇ ਪਿਤਾ ਜੀ ਨੇ ਮੈਨੂੰ ਵਿਸ਼ੇਸ਼ ਇਖ਼ਤਿਆਰ ਦਿੱਤਾ, ਇਸ ਨੂੰ ਪਵਿੱਤਰ ਭਰੋਸਾ ਕਿਹਾ ਜਾ ਸਕਦਾ ਹੈ। ਮੈਨੂੰ ਇਹ ਸੁਭਾਗ ਉਨ੍ਹਾਂ ਦੀ ਮੌਤ ਤਕ ਮਿਲਦਾ ਰਿਹਾ। ਮੈਂ ਕਦੇ ਵੀ ਉਸ ਸੁਭਾਗ ਦੀ ਨਾ ਤਾਂ ਦੁਰਵਰਤੋਂ ਕੀਤੀ ਅਤੇ ਨਾ ਨਜਾਇਜ਼ ਫ਼ਾਇਦਾ ਚੁੱਕਿਆ। ਅੱਜ ਤਕ ਓਸੇ ਬੈਂਕ ਵਿਚ ਮੇਰਾ ਖਾਤਾ ਹੈ। ਮੈਂ ਇਸਦੀ ਵਰਤੋਂ ਸਿਰਫ਼ ਉਨ੍ਹਾਂ ਕੰਮਾਂ ਲਈ ਕਰਦਾ ਹਾਂ, ਜੋ ਮੇਰੇ ਪਿਤਾ ਜੀ ਮੈਥੋਂ ਕਰਵਾਉਣਾ ਚਾਹੁੰਦੇ ਸਨ। ਨਾਮਨਿਹਾਦ ਪ੍ਰਚਾਰਕਾਂ ਨੂੰ ਖ਼ੁਦਾ ਅੱਗੇ ਦੁਆਵਾਂ ਵਿਚ ਦਾਅਵੇ, ਹੱਕ ਅਤੇ ਮੰਗਾਂ ਰੱਖਣ ਦੀਆਂ ਗੱਲਾਂ ਸੁਣ ਕੇ ਮੈਂ ਹੈਰਾਨ ਰਹਿ ਜਾਂਦਾ ਹਾਂ। ਦੁਆ ਘਮੰਡ ਜਾਂ ਖੁਦਗਰਜ਼ੀ ਨਹੀਂ ਹੈ: ''ਮੰਗਦੇ ਹੋ ਤਾਂ ਉਸ ਨੂੰ ਕਬੂਲ ਵੀ ਕਰੋ''; ''ਯਕੀਨ ਕਰੋ ਅਤੇ ਉਸ ਨੂੰ ਪਾ ਲਵੋ।'' ਇਨ੍ਹਾਂ ਕਥਨਾਂ ਵਿਚ ਦੱਸੇ ਵਿਚਾਰ ਬੇਹੱਦ ਵਿਸ਼ਵਾਸ ਭਰੇ ਹਨ। ਦੁਆ ਨੂੰ ਮਜ਼ਾਕ ਨਾ ਬਣਾਓ।